EMPLOYMENT ONTARIO
Ontario's employment & training network

Ontario

# <u>ਓਨਟਾਰੀਓ ਨੌਕਰੀ ਸਰੋਤ (ਓਨਟਾਰੀਓ ਜੌਬ ਬੈਂਕ)</u>

ਓਨਟਾਰੀਓ ਜੌਬ ਬੈਂਕ ਇੱਕ ਵੈੱਬ-ਅਧਾਰਤ ਨੈੱਟਵਰਕ ਹੈ ਜਿਸ ਵਿੱਚ ਨੌਕਰੀ ਦੀ ਸੂਚਨਾ ਅੰਕਿਤ ਹੁੰਦੀ ਹੈ ਅਤੇ ਜੋ ਸਾਰਿਆਂ ਕੈਨੇਡਾ ਵਾਸੀਆਂ ਨੂੰ ਉਪਲੱਬਧ ਹੈ। ਨੌਕਰੀ ਲੱਭਣ ਵਾਲਿਆਂ ਨੂੰ ਇਸ ਸਾਈਟ ਤੇ ਅੰਕਿਤ ਨੌਕਰੀਆਂ ਵਿੱਚ ਸਿਰਫ ਓਨਟਾਰੀਓ ਦੀ ਹੀ ਨਹੀਂ ਬਲਕਿ ਸਾਰੇ ਕੈਨੇਡਾ ਦੀਆਂ ਨੌਕਰੀਆਂ ਦੀ ਜਾਣਕਾਰੀ ਮਿਲੇਗੀ।

**ਕਿਹੜੀਆਂ ਸੇਵਾਵਾਂ ਉਪਲੱਬਧ ਹਨ?**

ਵਿੱਚ ਨੌਕਰੀਆਂ ਦੇ ਵਿਗਿਆਪਨ ਤੱਕ ਪਹੁੰਚਣ ਲਈ :

- **www.jobbank.gc.ca** ਤੇ ਕਲਿੱਕ ਕਰੋ
- **ਅੰਗਰੇਜੀ** ਜਾਂ **ਫਰਿੰਚ** ਨੂੰ ਚੁਣੋ
- ਭੂਮਿਕਾ ਪੰਨੇ ਤੇ **Job Search** ਤੇ ਕਲਿੱਕ ਕਰੋ
- **ਓਨਟਾਰੀਓ** ਨੂੰ ਚੁਣੋ (ਜਾਂ ਕੋਈ ਵੀ ਹੋਰ ਪ੍ਰਾਂਤ ਚੁਣੋ)
- ਖਾਸ ਸ਼ਬਦ, ਨੌਕਰੀ ਦੇ ਸ਼ੀਰਸ਼ਕ, ਨੌਕਰੀ ਦੇ ਨੰਬਰ, ਓਨਟਾਰੀਓ ਵਿੱਚ ਸਥਾਨ, ਜਾਂ ਪੋਸਟਿੰਗ ਦੀ ਤਾਰੀਖ ਦੁਆਰਾ ਆਪਣੀ ਖੋਜ ਨੂੰ ਬੇਹਤਰ ਬਣਾਓ, ਜਾਂ ਨੌਕਰੀਆਂ ਦੀ ਨਵੀਂ ਪੋਸਟਿੰਗਜ ਦੇਖੋ।

ਨੌਕਰੀ ਲੱਭਣ ਵਾਲੇ ਓਨਟਾਰੀਓ ਜੌਬ ਬੈਂਕ ਦੀ ਵੈੱਬ-ਸਾਈਟ ਤੇ ਭੂਮਿਕਾ ਪੰਨੇ ਤੋਂ ਅਤਰਿਕਤ ਵਿਸ਼ੇਸਤਾਵਾਂ ਤੱਕ ਵੀ ਪਹੁੰਚ ਸਕਦੇ ਹਨ। ਇਹਨਾਂ ਵਿਸ਼ੇਸਤਾਵਾ ਵਿੱਚ ਨਿਮਨਲਿਖਤ ਸ਼ਾਮਲ ਹਨ :

- **ਜੌਬ ਮੈਚ**, ਜੋ ਨੌਕਰੀ ਲੱਭਣ ਵਾਲਿਆਂ ਨੂੰ ਆਪਣਾ ਖੁਦ ਦਾ ਜੌਬ ਪਰੋਫਾਈਲ ਬਣਾਉਣ ਦਿੰਦਾ ਹੈ, ਅਤੇ ਸੰਭਾਵਤ ਨੌਕਰੀ ਦੇਣ ਵਾਲੇ ਤੱਕ ਭੇਜਣੇ ਦਿੰਦਾ ਹੈ, ਅਤੇ ਨਾਲ ਹੀ ਉਹਨਾਂ ਦੀ ਨਿਪੁਨੰਤਾ ਨਾਲ ਮੇਲ ਖਾਂਦੀ ਹੋਈ ਨੌਕਰੀ ਪ੍ਰਦਾਨ ਕਰਦਾ ਹੈ
- **ਜੌਬ ਅਲਰਟ**, ਜੋ ਨੌਕਰੀ ਲੱਭਣ ਵਾਲਿਆਂ ਨੂੰ ਆਪਣੀ ਵਿਅਕਤੀਗਤ ਖੋਜ ਨਾਲ ਮੇਲ ਖਾਂਦੀ ਹੋਈ ਨੌਕਰੀਆਂ ਦੀ ਲਿਸਟ ਈ-ਮੇਲ ਦੁਆਰਾ ਪ੍ਰਾਪਤ ਕਰਨ ਦਿੰਦਾ ਹੈ
- **ਕੈਰੀਅਰ ਨੇਵੀਗੇਟਰ**, ਜੋ ਇੱਕ ਮਾਰਗ ਨਿਰਦੇਸ਼ਨ ਦਾ ਸਾਧਨ ਹੈ ਜੋ ਲੋਕਾਂ ਨੂੰ ਪੇਸ਼ੇ ਦੇ ਨਿਰਣੇ ਲੈਣ ਵਿੱਚ ਮੱਦਦ ਕਰਦਾ ਹੈ
- **ਰੈਜਮੇ ਬਿਲਡਰ**, ਜੋ ਵਿਅਕਤੀਗਤ ਰੈਜਮੇ ਬਣਾਉਣ ਵਿੱਚ ਮੱਦਦ ਕਰਦਾ ਹੈ ਜਾਂ ਫੈਡਰਲ ਸਰਕਾਰ ਦੀ ਨੌਕਰੀਆਂ ਦੇ ਲਈ ਆਨਲਾਈਨ ਅਰਜੀ ਦੇਣ ਦਿੰਦਾ ਹੈ

**ਇਹ ਸੇਵਾਵਾਂ ਕੌਣ ਪ੍ਰਾਪਤ ਕਰ ਸਕਦਾ ਹੈ?**

ਓਨਟਾਰੀਓ ਜੌਬ ਬੈਂਕ ਦੀਆਂ ਸਾਰੀਆਂ ਵਿਸ਼ੇਸ਼ਤਾਵਾ ਸਾਰਿਆਂ ਵਿਅਕਤੀਆਂ ਨੂੰ ਉਪਲੱਬਧ ਹਨ।

ਜੇ ਤੁਸੀਂ ਕੈਨੇਡਾ ਦੇ ਨਾਗਰਿਕ ਜਾਂ ਕੈਨੇਡਾ ਦੇ ਸਥਾਈ ਨਵਾਸੀ ਨਹੀਂ ਹੋ, ਤਾਂ ਤੁਹਾਨੂੰ ਕੈਨੇਡਾ ਵਿੱਚ ਕੰਮ ਕਰਨ ਤੋਂ ਪਹਿਲਾਂ ਸਰਕਾਰੀ ਅਧਿਕਾਰੀਆਂ ਤੋਂ ਇਜਾਜਤ ਦੀ ਜਰੂਰਤ ਪੈ ਸਕਦੀ ਹੈ। ਅਧਿੱਕ ਜਾਣਕਾਰੀ ਦੇ ਲਈ ਕੈਨੇਡੀਅਨ ਸਿਟੀਜਨਸ਼ਿਪ ਐਂਡ ਇਮੀਗਰੇਸ਼ਨ ਆਫਿਸ ਨਾਲ ਸੰਪਰਕ ਕਰੋ ਜਾਂ http://www.cic.gc.ca ਦੇਖੋ।

**ਮੈਂ ਅਧਿੱਕ ਜਾਣਕਾਰੀ ਕਿਵੇਂ ਪ੍ਰਾਪਤ ਕਰ ਸਕਦਾ ਹਾਂ?**

ਅਧਿੱਕ ਜਾਣਕਾਰੀ ਓਨਟਾਰੀਓ ਜੌਬ ਬੈਂਕ ਦੀ ਵੈੱਬ-ਸਾਈਟ www.jobbank.gc.ca ਤੇ ਉਪਲੱਬਧ ਹੈ।